# ਪੰਜਾਬੀ ਵਿਆਕਰਨ ਅਤੇ ਲੇਖ ਰਚਨਾ




—ਜਗਤਾਰ ਸਿੰਘ ਸੋਖੀ
-9417166386

Scanned by CamScanner

# ਸ਼ਬਦ - ਬੋਧ

> ਵਿਆਕਰਨ ਦਾ ਉਹ ਭਾਗ, ਜਿਹੜਾ ਸਾਨੂੰ ਸ਼ਬਦਾਂ ਦੀ ਰਚਨਾ, ਸ਼ਬਦਾਂ ਦੇ ਭੇਦ ਅਤੇ ਸ਼ਬਦਾਂ ਦੇ ਰੂਪ ਦੀ ਜਾਣਕਾਰੀ ਦਿੰਦਾ ਹੈ, ਉਸ ਨੂੰ ਸ਼ਬਦ-ਬੋਧ ਆਖਦੇ ਹਨ।

ਸ਼ਬਦ ਬੋਲੀ ਦੀ ਇੱਕ ਸੁਤੰਤਰ ਇਕਾਈ ਹੈ। ਆਪਣੀ ਗੱਲ ਜਾਂ ਵਿਚਾਰ ਦੂਜਿਆਂ ਕੋਲ ਪ੍ਰਗਟ ਕਰਨ ਲਈ, ਅਸੀਂ ਜਿਹੜੇ ਸਾਫ਼-ਸਾਫ਼ ਬੋਲ ਵਰਤਦੇ ਹਾਂ, ਉਹਨਾਂ ਨੂੰ ਸ਼ਬਦ ਕਿਹਾ ਜਾਂਦਾ ਹੈ। ਧੁਨੀਆਂ ਅਤੇ ਲਗਾਂ/ਲਗਾਖਰਾਂ ਦੇ ਸੁਮੇਲ ਤੋਂ ਸ਼ਬਦ ਬਣਦਾ ਹੈ ਜੋ ਕਿ ਅਰਥ ਭਰਪੂਰ ਬੋਲ ਹੁੰਦਾ ਹੈ।

ਸ਼ਬਦ ਵੱਡੇ ਤੋਂ ਵੱਡਾ ਵੀ ਹੋ ਸਕਦਾ ਹੈ ਅਤੇ ਛੋਟੇ ਤੋਂ ਛੋਟਾ ਵੀ। ਹਰ ਸ਼ਬਦ ਪੰਜਾਬੀ ਦੀਆਂ ਸ੍ਵਰ ਅਤੇ ਵਿਅੰਜਨ ਧੁਨੀਆਂ ਦੇ ਮੇਲ ਨਾਲ ਬਣਦਾ ਹੈ।

## ਸ਼ਬਦਾਂ ਦੇ ਭੇਦ

ਵਰਤੋਂ ਦੇ ਅਧਾਰ ਤੇ ਸ਼ਬਦਾਂ ਦੇ ਦੋ ਭੇਦ ਹਨ-

(ੳ) ਸਾਰਥਕ ਸ਼ਬਦ (ਅ) ਨਿਰਾਰਥਕ ਸ਼ਬਦ

**ਸਾਰਥਕ ਸ਼ਬਦ** – ਉਹ ਸ਼ਬਦ ਹਨ, ਜਿਨਾਂ ਦਾ ਕੋਈ ਅਰਥ ਹੁੰਦਾ ਹੈ। ਇਹਨਾਂ ਸ਼ਬਦਾਂ ਰਾਹੀਂ ਕਿਸੇ ਮਨੁੱਖ, ਵਸਤੂ ਜਾਂ ਕੰਮ ਵੱਲ ਸੰਕੇਤ ਕੀਤਾ ਗਿਆ ਹੁੰਦਾ ਹੈ, ਜਿਵੇਂ – ਰੋਟੀ, ਪਾਣੀ, ਚਾਹ, ਘੋੜਾ, ਰੁੱਖ, ਗੀਤ, ਕਵਿਤਾ, ਗਾਣਾ ਆਦਿ।

**ਨਿਰਾਰਥਕ ਸ਼ਬਦ** – ਉਹ ਸ਼ਬਦ, ਜਿਨ੍ਹਾਂ ਦਾ ਆਪਣਾ ਕੋਈ ਅਰਥ ਨਹੀਂ ਹੁੰਦਾ, ਪਰੰਤੂ ਸਾਰਥਕ ਸ਼ਬਦਾਂ ਦੇ ਨਾਲ ਆ ਕੇ ਉਹਨਾਂ ਦੇ ਅਰਥਾਂ ਦਾ ਵਿਸਥਾਰ ਕਰਦੇ ਹਨ, ਜਿਵੇਂ – ਚਾਹ-ਚੂਹ, ਰੋਟੀ-ਰਾਟੀ, ਪਾਣੀ-ਧਾਣੀ।

ਨਿਰਾਰਥਕ ਸ਼ਬਦ ਆਮ ਬੋਲ-ਚਾਲ ਦੀ ਭਾਸ਼ਾ ਦੇ ਸ਼ਬਦ ਹਨ। ਪੰਜਾਬੀ ਭਾਸ਼ਾ ਵਿੱਚ ਨਿਰਾਰਥਕ ਸ਼ਬਦਾਂ ਦਾ ਕਾਫ਼ੀ ਮਹੱਤਵ ਹੈ। ਭਾਸ਼ਾ ਦੀ ਖ਼ੂਬਸੂਰਤੀ ਅਤੇ ਆਪਣੀ ਗੱਲ ਵਿੱਚ ਵਜ਼ਨ ਪੈਦਾ ਕਰਨ ਲਈ ਨਿਰਾਰਥਕ ਸ਼ਬਦ ਅਹਿਮ ਰੋਲ ਨਿਭਾਉਂਦੇ ਹਨ।

## ਸਾਰਥਕ ਸ਼ਬਦ ਅੱਠ ਪ੍ਰਕਾਰ ਦੇ ਹੁੰਦੇ ਹਨ।

1. ਨਾਂਵ
2. ਪੜਨਾਂਵ
3. ਵਿਸ਼ੇਸ਼ਣ
4. ਕਿਰਿਆ
5. ਕਿਰਿਆ-ਵਿਸ਼ੇਸ਼ਣ
6. ਸੰਬੰਧਕ
7. ਯੋਜਕ
8. ਵਿਸਮਿਕ

Scanned by CamScanner

ਨਾਂਵ :- ਉਹ ਸ਼ਬਦ ਜਿਨ੍ਹਾਂ ਤੋਂ ਕਿਸੇ ਵਿਅਕਤੀ, ਜੀਵ, ਥਾਂ, ਵਸਤੂ, ਭਾਵ ਆਦਿ ਦੇ ਨਾਂ ਦਾ ਪਤਾ ਲੱਗੇ, ਉਹਨਾਂ ਨੂੰ ਨਾਂਵ ਕਹਿੰਦੇ ਹਨ, ਜਿਵੇਂ — ਪਹਾੜ, ਮੀਤਾ, ਸੋਨਾ, ਜਲੰਧਰ, ਅਰਦਾਸ, ਸੁਗੰਧ, ਗਰੀਬੀ, ਮੁੱਦਕੀ ਆਦਿ।

ਹਰੇ ਭਰੇ ਜੰਗਲ ਵਿੱਚ ਬੱਕਰੀਆਂ ਚਰਨ ਜਾਂਦੀਆਂ ਸਨ। ਰੋਜ਼ ਇੱਕ ਬੱਕਰੀ ਘੱਟ ਜਾਂਦੀ। ਖ਼ੂੰਖਾਰ ਸ਼ੇਰ ਦੀ ਕਰੂਰਤਾ ਤੋਂ ਤੰਗ ਆ ਕੇ ਆਜੜੀ ਨੇ ਉਹਨਾਂ ਨੂੰ ਜੰਗਲ ਵਿੱਚ ਲਿਜਾਣਾ ਬੰਦ ਕਰ ਦਿੱਤਾ।


ਜੰਗਲ — ਵਸਤੂ ਦਾ ਨਾਮ ਹੈ।
ਬੱਕਰੀ, ਸ਼ੇਰ, ਆਜੜੀ — ਜੀਵਾਂ ਦੇ ਨਾਮ ਹਨ।
ਕਰੂਰਤਾ — ਭਾਵ ਦਾ ਨਾਂ ਹੈ।
ਇਹ ਸਾਰੇ ਸ਼ਬਦ ਨਾਂਵ ਹਨ।



## ਨਾਂਵ ਦੇ ਭੇਦ

ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ :-

1. ਆਮ ਨਾਂਵ ਜਾਂ ਜਾਤੀ ਵਾਚਕ ਨਾਂਵ
2. ਖ਼ਾਸ ਨਾਂਵ ਜਾਂ ਨਿੱਜ ਵਾਚਕ ਨਾਂਵ
3. ਇਕੱਠ ਵਾਚਕ ਜਾਂ ਸਮੂਹ ਵਾਚਕ ਨਾਂਵ
4. ਵਸਤੂ ਵਾਚਕ ਜਾਂ ਪਦਾਰਥ ਵਾਚਕ ਨਾਂਵ
5. ਭਾਵ-ਵਾਚਕ ਨਾਂਵ




1. ਆਮ ਨਾਂਵ ਜਾਂ ਜਾਤੀ ਵਾਚਕ ਨਾਂਵ - ਜਿਹੜੇ ਸ਼ਬਦ ਕਿਸੇ ਵਸਤੂ, ਜੀਵ, ਸਥਾਨ, ਅਤੇ ਗਿਣਨਯੋਗ ਚੀਜ਼ਾਂ ਦੇ ਸਾਂਝੇ ਨਾਵਾਂ ਦਾ ਬੋਧ ਕਰਾਉਣ, ਉਹਨਾਂ ਸ਼ਬਦਾਂ ਨੂੰ ਆਮ ਨਾਂਵ ਜਾਂ ਜਾਤੀ ਵਾਚਕ ਨਾਂਵ ਕਹਿੰਦੇ ਹਨ; ਜਿਵੇਂ - ਮਨੁੱਖ, ਪਸ਼ੂ, ਦਰਿਆ, ਲੜਕਾ, ਪਹਾੜ, ਸ਼ੇਰ ਆਦਿ।

2. ਖ਼ਾਸ ਨਾਂਵ ਜਾਂ ਨਿੱਜ ਵਾਚਕ ਨਾਂਵ — ਜਿਹੜੇ ਸ਼ਬਦ ਤੋਂ ਕਿਸੇ ਖ਼ਾਸ ਆਦਮੀ, ਜੀਵ, ਖ਼ਾਸ ਵਸਤੂ, ਖ਼ਾਸ ਸਥਾਨ ਦੇ ਨਾਂ ਦਾ ਬੋਧ ਹੋਵੇ, ਉਸ ਨੂੰ ਖ਼ਾਸ ਨਾਂਵ ਕਹਿੰਦੇ ਹਨ; ਜਿਵੇਂ - ਰਣਜੀਤ, ਸਤਲੁਜ, ਪੰਜਾਬ, ਮੋਗਾ ਆਦਿ।

3. ਇਕੱਠ ਵਾਚਕ ਜਾਂ ਸਮੂਹ ਵਾਚਕ ਨਾਂਵ — ਜਿਹੜੇ ਸ਼ਬਦ ਵਿਅਕਤੀਆਂ, ਜੀਵਾਂ ਜਾਂ ਗਿਣੀਆਂ ਜਾਣ ਵਾਲ਼ੀਆਂ ਵਸਤੂਆਂ ਦੇ ਇਕੱਠ ਜਾਂ ਸਮੂਹ ਦਾ ਬੋਧ ਕਰਾਉਣ; ਉਹਨਾਂ ਨੂੰ ਇਕੱਠ ਵਾਚਕ ਜਾਂ ਸਮੂਹ ਵਾਚਕ ਨਾਂਵ ਕਹਿੰਦੇ ਹਨ; ਜਿਵੇਂ- ਫ਼ੌਜ, ਸ਼੍ਰੇਣੀ, ਟੀਮ, ਜੱਥਾ, ਜੋੜ, ਵੱਗ, ਹੇੜ, ਡਾਰ, ਸਭਾ, ਇੱਜੜ ਆਦਿ।

4. ਵਸਤੂ ਵਾਚਕ ਜਾਂ ਪਦਾਰਥ ਵਾਚਕ ਨਾਂਵ - ਜਿਹੜੇ ਸ਼ਬਦਾਂ ਤੋਂ ਤੋਲੇ, ਮਿਣੇ ਜਾਂ ਮਾਪੇ ਜਾ ਸਕਣ ਵਾਲ਼ੇ ਪਦਾਰਥਾਂ ਦੇ ਨਾਵਾਂ ਦਾ ਪਤਾ ਲੱਗੇ, ਉਹਨਾਂ ਨੂੰ ਵਸਤੂਵਾਚਕ ਜਾਂ ਪਦਾਰਥ ਵਾਚਕ ਨਾਂਵ ਕਹਿੰਦੇ ਹਨ; ਜਿਵੇਂ - ਦੁੱਧ, ਘਿਓ, ਪਾਣੀ, ਲੋਹਾ, ਸੋਨਾ, ਕਣਕ ਆਦਿ।

5. ਭਾਵ-ਵਾਚਕ ਨਾਂਵ — ਜਿਹੜੇ ਸ਼ਬਦਾਂ ਤੋਂ ਕਿਸੇ ਭਾਵ, ਗੁਣ ਜਾਂ ਹਾਲਤ ਦਾ ਗਿਆਨ ਹੋਵੇ, ਜਿਸ ਨੂੰ ਅਸੀਂ ਨਾ ਛੂਹ ਸਕੀਏ, ਨਾ ਫੜ ਸਕੀਏ ਸਿਰਫ਼ ਮਹਿਸੂਸ ਕਰ ਸਕੀਏ, ਉਹਨਾਂ ਨੂੰ ਭਾਵ-ਵਾਚਕ ਨਾਂਵ ਕਿਹਾ ਜਾਂਦਾ ਹੈ; ਜਿਵੇਂ - ਗ਼ੁਲਾਮੀ, ਗ਼ਰੀਬੀ, ਨਫ਼ਰਤ, ਗ਼ਮੀਂ, ਖ਼ੁਸ਼ੀ, ਉਦਾਸੀ ਆਦਿ।

Scanned by CamScanner

# ਅਭਿਆਸ

ਪ੍ਰ: 1. ਨਾਂਵ ਕੀ ਹੁੰਦਾ ਹੈ?

ਪ੍ਰ: 2. ਨਾਂਵ ਦੀਆਂ ਕਿਸਮਾਂ ਉਦਾਹਰਨਾਂ ਸਹਿਤ ਲਿਖੋ।

ਪ੍ਰ 3. ਹੇਠ ਲਿਖੇ ਸ਼ਬਦਾਂ ਵਿੱਚੋਂ ਨਾਵਾਂ ਦੇ ਵੱਖ-ਵੱਖ ਭੇਦ ਚੁਣ ਕੇ ਲਿਖੋ—
ਮੁੰਬਈ, ਸੋਨਾ, ਫੁੱਲ, ਪਾਣੀ, ਲੋਹਾ, ਬੋਲੀ, ਜੱਥਾ, ਮਨੁੱਖ, ਸ਼ਹਿਰ, ਮੋਰ, ਅਮੀਰੀ, ਦੋਸਤੀ, ਮੁੰਦਰੀ, ਪਰਬਤ, ਦੇਸ਼-ਭਗਤੀ, ਸ਼੍ਰੇਣੀ, ਰੁੱਖ, ਦੁੱਖ, ਭੀੜ, ਪੁਸਤਕ, ਕਾਰ, ਅਮਰੀਕ, ਸੁਗੰਧ, ਗਲਾਸ, ਰੇਡੀਓ, ਨਮਕ।

ਜਾਤੀ-ਵਾਚਕ ਨਾਂਵ ..........................

ਖਾਸ ਨਾਂਵ ..........................

ਇਕੱਠ-ਵਾਚਕ ਨਾਂਵ ..........................

ਵਸਤੂ-ਵਾਚਕ ਨਾਂਵ ..........................

ਭਾਵ-ਵਾਚਕ ਨਾਂਵ ..........................

ਪ੍ਰ 4. ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣੋ ਅਤੇ ਉਹਨਾਂ ਦੀਆਂ ਕਿਸਮਾਂ ਵੀ ਲਿਖੋ।

(ੳ) ਮੋਰ ਭਾਰਤ ਦਾ ਕੌਮੀ ਪੰਛੀ ਹੈ।
(ਅ) ਤਾਜ ਮਹਲ ਆਗਰੇ ਵਿੱਚ ਹੈ।
(ੲ) ਤਿਰੰਗਾ ਸਾਡਾ ਰਾਸ਼ਟਰੀ ਝੰਡਾ ਹੈ।
(ਸ) ਚੰਨਣ ਨੇ ਸੇਬ ਖਾਧੇ ਨੇ ਅਤੇ ਬਘੇਲ ਨੇ ਕੇਲੇ ਖਾਧੇ ਨੇ।
(ਹ) ਪੰਜਾਬ ਵਿੱਚ ਖੇਤੀਬਾੜੀ ਲੋਕਾਂ ਦਾ ਮੁੱਖ ਧੰਦਾ ਹੈ।
(ਕ) ਆਜੜੀ ਜੰਗਲ ਵਿੱਚ ਭੇਡਾਂ - ਬੱਕਰੀਆਂ ਦਾ ਇੱਜੜ ਚਾਰ ਰਿਹਾ ਸੀ।
(ਖ) ਚੰਡੀਗੜ੍ਹ, ਪੰਜਾਬ ਦੀ ਰਾਜਧਾਨੀ ਹੈ।
(ਗ) ਜ਼ਿੰਦਗੀ ਵਿੱਚ ਸੁੱਖ, ਦੁੱਖ, ਗਮੀਂ, ਮਿਲਾਪ, ਵਿਛੋੜਾ ਆਉਂਦੇ ਰਹਿੰਦੇ ਹਨ।
(ਘ) ਅਸੀਂ ਦੋਧੀ ਕੋਲੋਂ ਪੰਜ ਲਿਟਰ ਦੁੱਧ ਲਿਆ।

ਪ੍ਰ 5. ਹੇਠਾਂ ਕੁਝ ਪ੍ਰਾਂਤਾਂ, ਸ਼ਹਿਰਾਂ ਅਤੇ ਨਦੀਆਂ ਦੇ ਨਾਂ ਦਿੱਤੇ ਹਨ, ਉਹਨਾਂ ਨੂੰ ਲੱਭ ਕੇ ਆਪਣੀ ਕਾਪੀ ਵਿੱਚ ਲਿਖੋ:

| | | | | | | | |
|---|---|---|---|---|---|---|---|
| ਗੁ | ਜ | ਲੰ | ਧ | ਰ | ਲ | ਗੀ | ਗਾ |
| ਰ | ਮੇ | ਡ | ਰ | ਮ | ਖਿ | ਹਾ | ਰ |
| ਦਾ | ਰ | ਨ | ਮ | ਦਾ | ਕ | ਨੀ | ਲ |
| ਸ | ਮ | ਗ | ਸ਼ਾ | ਅ | ਸਾ | ਮ | ਤ |
| ਪੁ | ਦ | ਮਾ | ਲਾ | ਗ | ਬਿ | ਆ | ਸ |
| ਰ | ਤੀ | ਆ | ਰਾ | ਵੀ | ਮੌ | ਗਾ | ਤ |
| ਹਿੱ | ਜ | ਮ | ਨਾ | ਗ | ਪੁ | ਰ | ਲੁ |
| ਲੀ | ਉ | ੜੀ | ਸਾ | ਬੰ | ਗਾ | ਲ | ਜ |

# ਨਾਵਾਂ ਦੇ ਰੁਪਾਂਤਰ

ਜੋ ਤੱਤ ਨਾਵਾਂ ਦੇ ਰੂਪਾਂ ਵਿੱਚ ਅਦਲਾ - ਬਦਲੀ ਲਿਆਉਂਦੇ ਹਨ, ਉਹਨਾਂ ਨੂੰ ਨਾਵਾਂ ਦਾ ਰੁਪਾਂਤਰ ਕਹਿੰਦੇ ਹਨ। ਨਾਂਵ ਵਿੱਚ ਇਹ ਅਦਲਾ - ਬਦਲੀ ਹੇਠ ਲਿਖੇ ਤਿੰਨ ਕਾਰਨਾਂ ਕਰਕੇ ਹੁੰਦੀ ਹੈ; ਜਿਵੇ :

1. ਲਿੰਗ 2. ਵਚਨ 3. ਕਾਰਕ

**ਲਿੰਗ :** ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਤ ਦਾ ਪਤਾ ਲੱਗੇ ਉਸ ਨੂੰ ਵਿਆਕਰਨ ਅਨੁਸਾਰ ਲਿੰਗ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਦੋ ਤਰ੍ਹਾਂ ਦੇ ਲਿੰਗ ਸ਼ਬਦ ਹਨ – ਪੁਲਿੰਗ ਅਤੇ ਇਸਤਰੀ ਲਿੰਗ।

ਧਰਤੀ ਤੇ ਵਿਚਰਦਿਆਂ ਹੋਇਆਂ ਸਾਨੂੰ ਵਿਅਕਤੀ, ਜੀਵ- ਜੰਤੂ ਆਦਿ ਦੋ ਸ਼੍ਰੇਣੀਆਂ ਵਿੱਚ ਵੰਡੇ ਹੋਏ ਦਿਸਦੇ ਹਨ – ਪੁਰਸ਼ ਜਾਤੀ ਅਤੇ ਇਸਤਰੀ ਜਾਤੀ। ਵਿਆਕਰਨ ਵਿੱਚ ਪੁਰਸ਼ ਰੂਪ ਵਾਲ਼ੇ ਸ਼ਬਦ ਪੁਲਿੰਗ ਅਤੇ ਇਸਤਰੀ ਰੂਪ ਵਾਲ਼ੇ ਸ਼ਬਦ ਇਸਤਰੀ ਲਿੰਗ ਕਹਾਉਂਦੇ ਹਨ।

**ਪੁਲਿੰਗ :-** ਜਿਨ੍ਹਾਂ ਸ਼ਬਦਾਂ ਤੋਂ ਸਿਰਫ਼ ਮਰਦਾਵੇਂ ਜਾਂ ਨਰ - ਭੇਦ ਦਾ ਹੀ ਪਤਾ ਲੱਗੇ, ਉਹ ਪੁਲਿੰਗ ਅਖਵਾਉਂਦੇ ਹਨ; ਜਿਵੇਂ : ਦਾਸ, ਕੁੱਕੜ, ਤੋਤਾ, ਸ਼ੇਰ ਆਦਿ।

**ਇਸਤਰੀ ਲਿੰਗ :** ਜਿਨ੍ਹਾਂ ਸ਼ਬਦਾਂ ਤੋਂ ਸਿਰਫ਼ ਜਨਾਨੇ ਜਾਂ ਮਾਦਾ-ਭੇਦ ਦਾ ਪਤਾ ਲੱਗੇ, ਉਹ ਇਸਤਰੀ ਲਿੰਗ ਅਖਵਾਉਂਦੇ ਹਨ; ਜਿਵੇਂ : ਦਾਸੀ, ਕੁੱਕੜੀ, ਤੋਤੀ, ਸ਼ੇਰਨੀ ਆਦਿ।

- ਬੇਜਾਨ ਚੀਜ਼ਾਂ ਦਾ ਵੀ ਲਿੰਗ ਪਰਿਵਰਤਨ ਹੁੰਦਾ ਹੈ; ਜਿਵੇਂ ਪਹਾੜ – ਪਹਾੜੀ, ਥਾਲ਼ - ਥਾਲ਼ੀ, ਖੁਰਪਾ - ਖੁਰਪੀ, ਰੱਸਾ – ਰੱਸੀ।
- ਪੰਜਾਬੀ ਵਿੱਚ ਕਈ ਨਾਂਵ- ਸ਼ਬਦ ਅਜਿਹੇ ਵੀ ਹਨ, ਜਿਨ੍ਹਾਂ ਦਾ ਕੋਈ ਵੀ ਵਿਰੋਧੀ ਲਿੰਗ ਵਾਲ਼ਾ ਰੂਪ / ਸ਼ਬਦ ਨਹੀਂ ਮਿਲ਼ਦਾ; ਜਿਵੇਂ :- ਦਰਖ਼ਤ, ਅਸਮਾਨ, ਅਨਾਜ, ਲੋਹਾ, ਭੁਚਾਲ, ਘਿਉ, ਚੰਨ, ਸੂਰਜ, ਮੀਂਹ, ਤੇਲ, ਦੁੱਧ, ਦਿਨ, ਪਾਣੀ, ਸੋਨਾ, ਚਾਂਦੀ, ਪਿਆਰ, ਸੁਗੰਧ ਆਦਿ।
- ਪੰਜਾਬੀ ਵਿੱਚ ਕਈ ਸ਼ਬਦ ਅਜਿਹੇ ਵੀ ਹਨ ਜੋ ਕੇਵਲ ਇਸਤਰੀ ਲਿੰਗ ਹੀ ਹੁੰਦੇ ਹਨ, ਉਹਨਾਂ ਨੂੰ ਪੁਲਿੰਗ ਵਿੱਚ ਨਹੀਂ ਬਦਲਿਆ ਜਾ ਸਕਦਾ; ਜਿਵੇਂ - ਧਰਤੀ, ਹਵਾ, ਚਾਂਦੀ, ਕਲਮ, ਸਿਆਹੀ, ਕੁਰਸੀ, ਕਿਰਨ, ਇੱਟ, ਮਿਹਨਤ, ਕੰਧ, ਰੇਤ, ਮਿਠਾਸ, ਅੱਗ, ਇੱਟ, ਨੇਕ, ਚੰਗਿਆਈ, ਹਿੰਮਤ ਆਦਿ।

## ਲਿੰਗ ਬਦਲੀ ਦੇ ਕੁਝ ਨਿਯਮ

1. ਜਿਹੜੇ ਪੁਲਿੰਗ ਸ਼ਬਦ ਦੇ ਅੰਤ ਵਿੱਚ ਮੁਕਤਾ ਹੁੰਦਾ ਹੈ, ਉਸ ਸ਼ਬਦ ਦਾ ਇਸਤਰੀ-ਲਿੰਗ ਰੂਪ ਅੰਤ ਵਿੱਚ ਬਿਹਾਰੀ, 'ਣੀ', 'ਨੀ', ਕੰਨਾ, ਤੇ 'ੜ', ਜਾਂ 'ਕੀ' ਨੂੰ ਵਧਾ ਕੇ ਵੀ ਬਣਦਾ ਹੈ।

(ੳ) ਅੰਤ ਵਿੱਚ ਬਿਹਾਰੀ (ੀ) ਲਾ ਕੇ :

| ਪੁਲਿੰਗ | ਇਸਤਰੀ-ਲਿੰਗ | ਪੁਲਿੰਗ | ਇਸਤਰੀ-ਲਿੰਗ |
|---|---|---|---|
| ਕੁੱਕੜ | ਕੁੱਕੜੀ | ਦਾਸ | ਦਾਸੀ |
| ਹੱਡ | ਹੱਡੀ | ਦੰਦ | ਦੰਦੀ |
| ਗਿੱਦੜ | ਗਿੱਦੜੀ | ਪੁੱਤਰ | ਪੁੱਤਰੀ |
| ਟੱਲ | ਟੱਲੀ | ਜੱਟ | ਜੱਟੀ |

Scanned by CamScanner

(ਅ) ਅੰਤ ਵਿੱਚ ਕੰਨਾ (ਾ) ਵਧਾ ਕੇ :

| | | | |
|---|---|---|---|
| ਅਧਿਆਪਕ | ਅਧਿਆਪਕਾ | ਸੇਵਕ | ਸੇਵਕਾ |
| ਨਾਇਕ | ਨਾਇਕਾ | ਲੇਖਕ | ਲੇਖਕਾ |
| ਪਾਠਕ | ਪਾਠਕਾ | ਗਾਇਕ | ਗਾਇਕਾ |

(ੲ) ਅੰਤ ਵਿੱਚ (ਨੀ) ਲਾ ਕੇ :

| | | | |
|---|---|---|---|
| ਸ਼ੇਰ | ਸ਼ੇਰਨੀ | ਜਾਦੂਗਰ | ਜਾਦੂਗਰਨੀ |
| ਫ਼ਕੀਰ | ਫ਼ਕੀਰਨੀ | ਸੇਵਾਦਾਰ | ਸੇਵਾਦਾਰਨੀ |
| ਮੋਰ | ਮੋਰਨੀ | ਬਾਜ਼ੀਗਰ | ਬਾਜ਼ੀਗਰਨੀ |

(ਸ) ਅੰਤ ਵਿੱਚ 'ਣੀ' ਲਾ ਕੇ :

| | | | |
|---|---|---|---|
| ਸੰਤ | ਸੰਤਣੀ | ਰਾਗ | ਰਾਗਣੀ |
| ਸ਼ਾਹ | ਸ਼ਾਹਣੀ | ਨਾਗ | ਨਾਗਣੀ |
| ਸਿੱਖ | ਸਿੱਖਣੀ | ਮਹੰਤ | ਮਹੰਤਣੀ |

(ਹ) ਅੰਤ ਵਿੱਚ 'ਕੰਨਾ' ਅਤੇ 'ਣੀ' ਲਾ ਕੇ :

| | | | |
|---|---|---|---|
| ਪੰਡਤ | ਪੰਡਤਾਣੀ | ਨੌਕਰ | ਨੌਕਰਾਣੀ |
| ਸੇਠ | ਸੇਠਾਣੀ | ਮੁਗ਼ਲ | ਮੁਗ਼ਲਾਣੀ |
| ਮਿਸ਼ਰ | ਮਿਸ਼ਰਾਣੀ | ਜੇਠ | ਜੇਠਾਣੀ |

(ਕ) ਅੰਤ ਵਿੱਚ 'ੜੀ' ਲਾ ਕੇ :

| | | | |
|---|---|---|---|
| ਸੂਤ | ਸੂਤੜੀ | ਚੰਮ | ਚਮੜੀ |
| ਬਾਲ | ਬਾਲੜੀ | ਸੰਦੂਕ | ਸੰਦੂਕੜੀ |

2. ਅੰਤ ਵਿੱਚ ਕੰਨੇ ਦੀ ਥਾਂ 'ਨ' ਲਾ ਕੇ :

| | | | |
|---|---|---|---|
| ਸਪੇਰਾ | ਸਪੇਰਨ | ਵਣਜਾਰਾ | ਵਣਜਾਰਨ |
| ਲੁਟੇਰਾ | ਲੁਟੇਰਨ | ਮਛੇਰਾ | ਮਛੇਰਨ |

3. ਜੇ ਪੁਲਿੰਗ ਦੇ ਅੰਤ ਤੇ ਬਿਹਾਰੀ ਹੋਵੇ ਤਾਂ ਇਸਤਰੀ-ਲਿੰਗ ਬਣਾਉਣ ਸਮੇਂ ਬਿਹਾਰੀ ਦੀ ਥਾਂ 'ਨ' ਜਾਂ 'ਣ' ਲੱਗਦਾ ਹੈ :

| | | | |
|---|---|---|---|
| ਹਾਣੀ | ਹਾਣਨ | ਲਿਖਾਰੀ | ਲਿਖਾਰਨ |
| ਖਿਡਾਰੀ | ਖਿਡਾਰਨ | ਸ਼ਿਕਾਰੀ | ਸ਼ਿਕਾਰਨ |
| ਮਾਲੀ | ਮਾਲਣ | ਧੋਬੀ | ਧੋਬਣ |
| ਸਾਥੀ | ਸਾਥਣ | ਗਿਆਨੀ | ਗਿਆਨਣ |

4. ਅੰਤ ਵਿੱਚ ਬਿਹਾਰੀ ਦੀ ਥਾਂ ਉਸੇ ਅੱਖਰ ਨੂੰ ਸਿਹਾਰੀ ਲਾ ਕੇ ਨਾਲ 'ਣ' ਲਾ ਕੇ :

| | | | |
|---|---|---|---|
| ਹਲਵਾਈ | ਹਲਵਾਇਣ | ਕਸਾਈ | ਕਸਾਇਣ |
| ਨਾਈ | ਨਾਇਣ | ਸੁਦਾਈ | ਸੁਦਾਇਣ |

5 ਬਿਹਾਰੀ ਦੀ ਥਾਂ 'ਨ' ਜਾਂ 'ਨੀ' ਲਗਾ ਕੇ :

| | | | |
|---|---|---|---|
| ਖਿਡਾਰੀ | ਖਿਡਾਰਨ | ਪਟਵਾਰੀ | ਪਟਵਾਰਨ |
| ਮਦਾਰੀ | ਮਦਾਰਨ | ਪਤੀ | ਪਤਨੀ |

Scanned by CamScanner

6. ਬਿਹਾਰੀ ਦੀ ਥਾਂ 'ਆਣੀ' ਲਗਾ ਕੇ :

| | | | |
|---|---|---|---|
| ਭਾਈ | ਭਾਈਆਣੀ | ਸਾਂਮੀ | ਸਾਂਮੀਆਣੀ |
| ਚੌਧਰੀ | ਚੌਧਰਾਣੀ | ਖੱਤਰੀ | ਖਤਰਾਣੀ |

7. ਕੰਨੇ ਦੀ ਥਾਂ 'ਬਿਹਾਰੀ' ਲਾ ਕੇ :

| | | | |
|---|---|---|---|
| ਮਾਮਾ | ਮਾਮੀ | ਟੋਲਾ | ਟੋਲੀ |
| ਘੋੜਾ | ਘੋੜੀ | ਭੁੱਖਾ | ਭੁੱਖੀ |
| ਮੁਰਗਾ | ਮੁਰਗੀ | ਮੋਟਾ | ਮੋਟੀ |
| ਚਰਖਾ | ਚਰਖੀ | ਬਾਟਾ | ਬਾਟੀ |

8. ਕੰਨਾ ਹਟਾ ਕੇ :

| | | | |
|---|---|---|---|
| ਗੱਡਾ | ਗੱਡ | ਸੰਢਾ | ਸੰਢ |
| ਰੰਡਾ | ਰੰਡ | | |

9. ਜਿਹੜੇ ਪੁਲਿੰਗ ਸ਼ਬਦਾਂ ਦੇ ਅੰਤਲੇ ਅੱਖਰ ਤੋਂ ਪਹਿਲਾਂ ਵਾਲੇ ਅੱਖਰ ਨੂੰ ਬਿਹਾਰੀ ਅਤੇ ਅੰਤਲੇ 'ਅ' ਨੂੰ ਕੰਨਾ, ਭਾਵ 'ਈਆ' ਆਉਂਦਾ ਹੈ, ਉਹਨਾਂ ਦਾ ਇਸਤਰੀ-ਲਿੰਗ ਰੂਪ 'ਈਆ' ਦੀ ਥਾਂ 'ਨ' ਜਾਂ 'ਣ' ਲਾ ਕੇ ਬਣਦਾ ਹੈ:

| | | | |
|---|---|---|---|
| ਪਹਾੜੀਆ | ਪਹਾੜਨ | ਕਸ਼ਮੀਰੀ | ਕਸ਼ਮੀਰਨ |
| ਪੋਠੋਹਾਰੀਆ | ਪੋਠੋਹਾਰਨ | ਪਸ਼ੌਰੀਆ | ਪਸ਼ੌਰਨ |
| ਪੂਰਬੀਆ | ਪੂਰਬਣ | ਦੁਆਬੀਆ | ਦੁਆਬਣ |

10. ਦੁਲੈਂਕੜ ਹਟਾ ਕੇ 'ਆਣੀ' ਜਾਂ 'ਵਾਣੀ' ਲਗਾ ਕੇ :

| | | | |
|---|---|---|---|
| ਹਿੰਦੂ | ਹਿੰਦੂਆਣੀ/ਹਿੰਦੂਵਾਣੀ | ਪੇਂਡੂ | ਪੇਂਡੂਆਣੀ |

11. ਕਈ ਪੁਲਿੰਗਾਂ ਦੇ ਦੋ ਇਸਤਰੀ ਲਿੰਗ ਅਤੇ ਕਈ ਇਸਤਰੀ ਲਿੰਗਾਂ ਦੇ ਦੋ ਪੁਲਿੰਗ ਹੁੰਦੇ ਹਨ :

| | | | |
|---|---|---|---|
| ਭਰਾ | ਭੈਣ, ਭਰਜਾਈ | ਭਰਾ | ਭਣਵੱਈਆ, ਭੈਣ |
| ਸਾਲਾ, ਸਾਂਢੂ | ਸਾਲੇਹਾਰ, ਸਾਲੀ | ਪੁੱਤਰ | ਧੀ, ਨੂੰਹ |

12. ਕਈ ਵਾਰ ਲਿੰਗ ਬਦਲੀ ਵੇਲ਼ੇ ਵੱਡੇ ਅਕਾਰ ਦੀਆਂ ਚੀਜ਼ਾਂ ਨੂੰ ਛੋਟੇ ਅਕਾਰ ਵਿੱਚ ਪ੍ਰਗਟ ਕੀਤਾ ਜਾਂਦਾ ਹੈ:

| | | | |
|---|---|---|---|
| ਘੜਾ | ਘੜੀ | ਹਥੌੜਾ | ਹਥੌੜੀ |
| ਬਾਟਾ | ਬਾਟੀ | ਛੁਰਾ | ਛੁਰੀ |
| ਥਾਲ਼ | ਥਾਲ਼ੀ | ਹੱਟ | ਹੱਟੀ |

13. ਕਈ ਵਾਰ ਬਿਨਾਂ ਕਿਸੇ ਨਿਯਮ ਦੇ ਲਿੰਗ-ਬਦਲੀ ਕੀਤੀ ਜਾਂਦੀ ਹੈ। ਅਜਿਹੇ ਸਮੇਂ ਦੋਹਾਂ ਲਿੰਗਾਂ ਦੇ ਸ਼ਬਦ ਵੱਖ-ਵੱਖ ਹੁੰਦੇ ਹਨ:

| | | | | | |
|---|---|---|---|---|---|
| ਮਰਦ | ਔਰਤ | ਬੱਚਾ | ਬੱਚੀ | ਨਰ | ਮਾਦਾ |
| ਗੱਭਰੂ | ਮੁਟਿਆਰ | ਰਾਜਾ | ਰਾਣੀ | ਨਵਾਬ | ਬੇਗਮ |
| ਆਦਮੀ | ਤੀਵੀਂ | ਮਾਸੜ | ਮਾਸੀ | ਫੁੱਫੜ | ਭੂਆ |
| ਮੁੰਡਾ | ਕੁੜੀ | ਵਰ | ਕੰਨਿਆ | ਸ਼੍ਰੀਮਾਨ | ਸ਼੍ਰੀਮਤੀ |

Scanned by CamScanner

14. ਪੰਜਾਬੀ ਵਿੱਚ ਕਈ ਅਜਿਹੇ ਸ਼ਬਦ ਹਨ ਜੋ ਕੇਵਲ ਪੁਲਿੰਗ ਹੀ ਹੁੰਦੇ ਹਨ, ਇਹਨਾਂ ਦਾ ਕੋਈ ਇਸਤਰੀ ਲਿੰਗ ਨਹੀਂ ਹੁੰਦਾ। ਜਿਵੇਂ:-

ਦਿਨ, ਚੰਦ, ਸੂਰਜ, ਦੁੱਧ, ਪਾਣੀ, ਘਿਓ, ਪਿਆਰ, ਭੁਚਾਲ ਆਦਿ

15. ਪੰਜਾਬੀ ਵਿੱਚ ਕਈ ਅਜਿਹੇ ਸ਼ਬਦ ਹਨ ਜੋ ਕੇਵਲ ਇਸਤਰੀ- ਲਿੰਗ ਹੀ ਹੁੰਦੇ ਹਨ, ਇਹਨਾਂ ਦਾ ਕੋਈ ਪੁਲਿੰਗ ਨਹੀਂ ਹੁੰਦਾ; ਜਿਵੇਂ :-

ਅੱਗ, ਹਵਾ, ਰਾਤ, ਲੱਸੀ, ਚਾਹ, ਕੰਧ, ਰੇਤ, ਮਿਠਾਸ, ਖ਼ੁਸ਼ਬੂ, ਇੱਛਾ ਆਦਿ।

## ਅਭਿਆਸ

ਪ. 1. ਲਿੰਗ ਤੋਂ ਕੀ ਭਾਵ ਹੈ? ਵਿਆਕਰਨ ਅਨੁਸਾਰ ਇਸ ਦੇ ਕਿੰਨੇ ਭੇਦ ਹਨ?

2. ਹੇਠ ਲਿਖਿਆਂ ਦੇ ਲਿੰਗ ਬਦਲੋ :- ਔਰਤ, ਸੇਠ, ਵਿਧਵਾ, ਨਰ, ਬੁੱਢਾ, ਸੱਪ, ਮੋਰ, ਪੰਜਾਬੀ, ਰਾਣੀ, ਸਰਦਾਰ, ਬੋਤਾ, ਕਵੀ, ਗੱਭਰੂ।

3. ਕੋਈ ਤਿੰਨ ਸ਼ਬਦ ਲਿਖੋ ਜਿਨ੍ਹਾਂ ਦਾ ਕੋਈ ਇਸਤਰੀ- ਲਿੰਗ ਨਹੀਂ ਹੁੰਦਾ:

1 .......... 2 ....... 3 ..........

4. ਕੋਈ ਤਿੰਨ ਸ਼ਬਦ ਲਿਖੋ ਜਿਨ੍ਹਾਂ ਦਾ ਕੋਈ ਪੁਲਿੰਗ ਨਹੀਂ ਹੁੰਦਾ:

1 .......... 2 ....... 3 ..........

5. ਸੋਧ ਕਰਕੇ ਲਿਖੋ:

(ੳ) ਮੁਰਗੀ ਉੱਡ ਰਿਹਾ ਹੈ। ..............

(ਅ) ਲੜਕਾ ਦੌੜ ਰਹੀ ਹੈ। ..............

(ੲ) ਮੇਰਾ ਛੋਟਾ ਭੈਣ ਰੋ ਰਹੀ ਹੈ। ..............

(ਸ) ਲਾਲਾ ਦੁਕਾਨ ਤੇ ਬੈਠੀ ਹੈ। ..............

(ਹ) ਕੀੜੀ ਖੰਡ ਖਾ ਰਿਹਾ ਹੈ। ..............

6. ਹੇਠ ਲਿਖੇ ਸ਼ਬਦਾਂ ਵਿੱਚੋਂ ਪੁਲਿੰਗ ਅਤੇ ਇਸਤਰੀ- ਲਿੰਗ ਸ਼ਬਦ ਵੱਖ- ਵੱਖ ਕਰਕੇ ਲਿਖੋ:

ਪਤੀਲਾ, ਕੜਛੀ, ਤੋਤਾ, ਦਰਜ਼ੀ, ਕੁੜੀ, ਪੋਤਰਾ, ਸੜਕ, ਕਲੀ, ਫੁੱਟਾ, ਰਸਤਾ, ਤੇਲ, ਗਾਂ, ਮਾਤਾ

| ਪੁਲਿੰਗ | ਇਸਤਰੀ- ਲਿੰਗ |
|---|---|
| ----- | ----- |
| ----- | ----- |
| ----- | ----- |
| ----- | ----- |
| ----- | ----- |
| ----- | ----- |

### ਵਾਕਾਂ ਵਿੱਚ ਲਿੰਗ- ਬਦਲੀ

ਵਾਕ ਵਿੱਚ ਜਦੋਂ ਨਾਂਵ ਸ਼ਬਦ ਦਾ ਲਿੰਗ ਬਦਲਿਆ ਜਾਂਦਾ ਹੈ ਤਾਂ ਵਾਕ ਵਿਚਲੇ ਪੜਨਾਂਵ, ਵਿਸ਼ੇਸ਼ਣ ਅਤੇ ਕਿਰਿਆ ਸ਼ਬਦਾਂ ਦਾ ਲਿੰਗ ਵੀ ਬਦਲਿਆ ਜਾਂਦਾ ਹੈ।

Scanned by CamScanner

4. ਜਿਨ੍ਹਾਂ ਇਸਤਰੀ - ਲਿੰਗ ਸ਼ਬਦਾਂ ਦੇ ਅੰਤ ਵਿੱਚ ਕੰਨਾ (ਾ) ਹੋਵੇ ਤਾਂ ਉਹਨਾਂ ਦਾ ਬਹੁ-ਵਚਨ 'ਵਾਂ' ਜੋੜ ਕੇ ਬਣਦਾ ਹੈ; ਜਿਵੇਂ:

| | | | |
|---|---|---|---|
| ਧਾਰਾ | ਧਾਰਾਵਾਂ | ਜਟਾ | ਜਟਾਵਾਂ |
| ਘਟਾ | ਘਟਾਵਾਂ | ਸਭਾ | ਸਭਾਵਾਂ |
| ਬਲਾ | ਬਲਾਵਾਂ | ਹਵਾ | ਹਵਾਵਾਂ |

5. ਜਿਨ੍ਹਾਂ ਇੱਕ-ਵਚਨ ਸ਼ਬਦਾਂ ਦੇ ਅੰਤ ਵਿੱਚ ਕੰਨਾ ਤੇ ਬਿੰਦੀ (ਾਂ) ਹੋਵੇ ਤਾਂ ਉਹਨਾਂ ਦੇ ਬਹੁ-ਵਚਨ 'ਵਾਂ' ਲਗਾ ਕੇ ਬਣਦਾ ਹੈ; ਜਿਵੇਂ :

| | | | |
|---|---|---|---|
| ਲਾਂ | ਲਾਵਾਂ | ਮਾਂ | ਮਾਵਾਂ |
| ਛਾਂ | ਛਾਵਾਂ | ਛਾਂ | ਛਾਵਾਂ |
| ਗਾਂ | ਗਾਵਾਂ | ਕਾਂ | ਕਾਵਾਂ |

ਇਹਨਾਂ ਸ਼ਬਦਾਂ ਵਿੱਚ ਬਹੁ-ਵਚਨ ਬਣਾਉਣ ਸਮੇਂ ਮੂਲ ਸ਼ਬਦ ਦੇ ਨਾਲ ਜੋ ਕੰਨੇ ਤੇ ਬਿੰਦੀ ਲੱਗੀ ਹੁੰਦੀ ਹੈ, ਉਹ ਇੱਥੋਂ ਹਟ ਕੇ 'ਵਾਂ' ਲਗਦੀ ਹੈ।

6. ਜਿਨ੍ਹਾਂ ਸ਼ਬਦਾਂ ਦੇ ਅੰਤ ਵਿੱਚ ਹੋੜਾ (ੋ) ਜਾਂ ਕਨੌੜਾ (ੌ), ਔਂਕੜ (ੁ) ਜਾਂ ਦੁਲੈਂਕੜ (ੂ) ਤਾਂ ਉਹਨਾਂ ਦੇ ਬਹੁ-ਵਚਨ ਬਣਾਉਣ ਸਮੇਂ 'ਆਂ' ਲਗਾਦਾ ਹੈ; ਜਿਵੇਂ -

| | | | |
|---|---|---|---|
| ਰੌ | ਰੌਆਂ | ਕਨਸੋ | ਕਨਸੋਆਂ |
| ਲੈ | ਲੈਆਂ | ਜੌਂ | ਜੌਂਆਂ |
| ਸ਼ੋ | ਸ਼ੋਆਂ | ਵਸਤੂ | ਵਸਤੂਆਂ |
| ਸ਼ੈ | ਸ਼ੈਆਂ | ਕੈ | ਕੈਆਂ |
| ਗਊ | ਗਊਆਂ | ਡਾਕੂ | ਡਾਕੂਆਂ |
| ਸਹੁੰ | ਸਹੁੰਆਂ | ਪਸ਼ੂ | ਪਸ਼ੂਆਂ |

7. ਜਿਨ੍ਹਾਂ ਇੱਕ-ਵਚਨ ਨਾਵਾਂ ਤੋਂ ਪਹਿਲਾਂ ਸ਼੍ਰੀਮਾਨ, ਸ਼੍ਰੀਮਤੀ, ਸਾਹਿਬ, ਬਾਅਦ 'ਚ ਜੀ, ਹੁਰੀਂ, ਜਨਾਬ ਆਦਿ ਵਰਤੇ ਜਾਣ ਤਾਂ ਉਹ ਇੱਕ-ਵਚਨ ਨਾਂਵ ਵੀ ਬਹੁ-ਵਚਨ ਵਾਂਗ ਵਰਤੇ ਜਾਂਦੇ ਹਨ; ਜਿਵੇਂ:

(ੳ) ਅੱਜ ਸ਼੍ਰੀਮਾਨ ਕ.ਮ.ਲ. ਜੀ ਜ਼ੀਰੇ ਆ ਰਹੇ ਨੇ।
(ਅ) ਪ੍ਰਿੰਸੀਪਲ ਸਾਹਿਬ ਪਹੁੰਚ ਚੁੱਕੇ ਨੇ।
(ੲ) ਅੱਜ ਡੀ.ਸੀ ਸਾਹਿਬ ਨਾਲ਼ ਪਟਵਾਰੀ ਹੁਰਾਂ ਨੇ ਵੀ ਦੌਰਾ ਕੀਤਾ।
(ਸ) ਤੁਸੀਂ ਜਨਾਬ ਠੀਕ ਕਹਿ ਰਹੇ ਹੋ।

8. ਵਿਸ਼ੇਸ਼ ਆਦਰ ਸਤਿਕਾਰ ਦੇਣ ਲਈ ਵੀ ਬਹੁ-ਵਚਨ ਦੀ ਵਰਤੋਂ ਕੀਤੀ ਜਾਂਦੀ ਹੈ।

(9) ਕਈ ਸ਼ਬਦਾਂ ਦਾ ਇੱਕ ਵਚਨ ਨਾ ਹੋਣ ਕਾਰਨ ਉਹ ਹਮੇਸ਼ਾਂ ਬਹੁ-ਵਚਨ ਦੇ ਰੂਪ ਵਿੱਚ ਹੀ ਵਰਤੇ ਜਾਂਦੇ ਹਨ; ਜਿਵੇਂ :- ਮਾਪੇ, ਪੇਕੇ, ਸਹੁਰੇ, ਨਾਨਕੇ, ਦਾਦਕੇ ਆਦਿ।

Scanned by CamScanner

# ਅਭਿਆਸ

ਪ੍ਰ 1. ਵਚਨ ਕਿਸ ਨੂੰ ਕਹਿੰਦੇ ਹਨ? ਇਹ ਕਿੰਨੀ ਪ੍ਰਕਾਰ ਦੇ ਹਨ। ਉਦਾਹਰਨਾ ਸਹਿਤ ਦੱਸੋ।

ਪ੍ਰ 2. ਇੱਕ - ਵਚਨ ਲਿਖੋ:

ਪੈਸੇ ........ ਪਤੰਗਾਂ ..........

ਕੁੱਤੇ ........ ਸ਼ੀਸ਼ੇ ........

ਹਵਾਵਾਂ ........ ਭਗਤਾਂ ........

ਸਬਜ਼ੀਆਂ ..... ਲੋਕਾਂ ......

ਪ੍ਰ 3. ਹੇਠਾਂ ਦਿੱਤੇ ਵਾਕਾਂ ਦੇ ਵਚਨ ਬਦਲ ਕੇ ਵਾਕ ਦੁਬਾਰਾ ਲਿਖੋ:

(ੳ) ਮੱਛੀ ਪਾਣੀ ਵਿੱਚ ਤੈਰਦੀ ਹੈ। ..........

(ਅ) ਮੇਰੇ ਮਿੱਤਰ ਕੋਲ ਕਾਰ ਹੈ। ..........

(ੲ) ਲੋਕ ਮੇਲਾ ਵੇਖਣ ਗਏ। ..........

(ਸ) ਘੋੜਾ ਤੇਜ਼ ਦੌੜਦਾ ਹੈ। ..........

(ਹ) ਬੱਚਾ ਰੋ ਰਿਹਾ ਹੈ। ..........

ਪ੍ਰ 4. ਇਹਨਾਂ ਵਿੱਚੋਂ ਠੀਕ ਤੇ (✓) ਦਾ ਨਿਸ਼ਾਨ ਲਗਾਓ: (ਵਚਨ ਬਦਲੋ)

ਮੁੰਡਾ : (ੳ) ਮੁੰਡੇ (ਅ) ਮੁੰਡਿਆਂ (ੲ) ਮੁੰਡਿਓ

ਦਵਾਤਾਂ : (ੳ) ਦਵਾਤੇਂ (ਅ) ਦਵਾਤ (ੲ) ਦਵਾਤੀ

ਦਰਿਆ : (ੳ) ਦਰਿਆਓ (ਅ) ਦਰਿਆ (ੲ) ਦਰੀਆ

ਕੁਰਸੀ : (ੳ) ਕੁਰਸੀਆਂ (ਅ) ਕੁਰਸੀਏਂ (ੲ) ਕੁਰਸੀਓਂ

ਰੋਟੀ : (ੳ) ਰੋਟਿਆਂ (ਅ) ਰੋਟੀਆਂ (ੲ) ਰੋਟੀਏਂ

ਪ੍ਰ 5. ਕੋਈ ਚਾਰ ਸ਼ਬਦ ਲਿਖੋ ਜਿਹੜੇ ਕੇਵਲ ਬਹੁ-ਵਚਨ ਵਿੱਚ ਵਰਤੇ ਜਾਂਦੇ ਹਨ ਅਤੇ ਉਹਨਾਂ ਨਾਲ਼ ਵਾਕ ਵੀ ਬਣਾਓ।

| ਸ਼ਬਦ | ਵਾਕ |
|---|---|
| 1 ...... | .......... |
| 2 .... | .......... |
| 3 .... | .......... |
| 4 .... | .......... |

Scanned by CamScanner

# ਕਾਰਕ

**ਕਾਰਕ ਰਿਸ਼ਤੇ, ਸੰਬੰਧ ਜਾਂ ਸਥਿਤੀ ਦਾ ਨਾਂ ਹੈ।**

ਕਾਰਕ: ਵਾਕ ਵਿੱਚ ਕਿਰਿਆ ਅਤੇ ਹੋਰ ਸ਼ਬਦਾਂ ਨਾਲ਼ ਆਪਣਾ ਸੰਬੰਧ ਪ੍ਰਗਟ ਕਰਨ ਵਾਲ਼ੇ ਨਾਂਵਾਂ ਜਾਂ ਪੜਨਾਵਾਂ ਦੇ ਰੂਪ ਨੂੰ ਕਾਰਕ ਕਿਹਾ ਜਾਂਦਾ ਹੈ।

'ਭਾਈ ਘਨੱਈਆ ਨੇ ਜ਼ਖ਼ਮੀਆਂ ਦੀ ਮਲ੍ਹਮ ਲਾ ਕੇ ਪੱਟੀ ਕੀਤੀ।'

ਉਪਰੋਕਤ ਵਾਕ ਵਿੱਚ ਜੋ ਨਾਂਵ ਸ਼ਬਦ ਆਏ ਹਨ, ਹਰ ਸ਼ਬਦ ਦੀ ਸਥਿਤੀ ਇੱਕੋ ਜਿਹੀ ਨਹੀਂ ਹੈ। ਵਾਕ ਅਨੁਸਾਰ ਭਾਈ ਘਨੱਈਆ ਨੇ ਕਿਰਿਆ ਕੀਤੀ, ਕਿਰਿਆ 'ਮਲ੍ਹਮ' ਦੁਆਰਾ ਕੀਤੀ ਅਤੇ ਇਹ ਕਿਰਿਆ 'ਜ਼ਖ਼ਮੀਆਂ' ਤੇ ਕੀਤੀ ਗਈ। ਅਸੀਂ ਵੇਖਦੇ ਹਾਂ ਕਿ ਹਰ ਚੀਜ਼ ਦਾ ਆਪਣਾ-ਆਪਣਾ ਕਾਰਜ ਹੈ। ਇਸੇ ਕਾਰਜ ਦੇ ਰੂਪ ਨੂੰ ਹੀ ਕਾਰਕ ਕਿਹਾ ਜਾਂਦਾ ਹੈ।

## ਕਾਰਕ ਦੇ ਭੇਦ

ਕਾਰਕ ਦੇ ਅੱਠ ਭੇਦ ਹਨ:-

1. ਕਰਤਾ ਕਾਰਕ
2. ਕਰਮ ਕਾਰਕ
2. ਕਰਨ ਕਾਰਕ
4. ਸੰਪਰਦਾਨ ਕਾਰਕ
5. ਅਪਾਦਾਨ ਕਾਰਕ
6. ਸੰਬੰਧ ਕਾਰਕ
7. ਅਧਿਕਰਨ ਕਾਰਕ
8. ਸੰਬੋਧਨ ਕਾਰਕ

1. ਕਰਤਾ ਕਾਰਕ – ਨਾਂਵ ਜਾਂ ਪੜਨਾਂਵ ਦੇ ਜਿਸ ਰੂਪ ਤੋਂ ਕਿਰਿਆ ਦੇ ਕਰਨ ਵਾਲ਼ੇ ਦਾ ਪਤਾ ਲੱਗੇ, ਉਸ ਨੂੰ ਕਰਤਾ ਕਾਰਕ ਕਿਹਾ ਜਾਂਦਾ ਹੈ। ਨੇ ਕਰਤਾ ਕਾਰਕ ਦਾ ਚਿੰਨ੍ਹ ਹੈ। ਜਿਵੇਂ– ਸੁਰਜੀਤ ਨੇ ਕਵਿਤਾ ਸੁਣਾਈ। ਇਸ ਵਾਕ ਵਿੱਚ ਸੁਰਜੀਤ ਕਰਤਾ ਕਾਰਕ ਹੈ।

ਕਰਤਾ ਕਾਰਕ ਲੱਭਣ ਲਈ ਕਿਸੇ ਨੂੰ 'ਕੌਣ' ਜਾਂ 'ਜਿਸ ਨੇ' ਆਦਿ ਲਾ ਕੇ ਪ੍ਰਸ਼ਨ ਕੀਤਾ ਜਾਵੇ ਤਾਂ ਜੋ ਉੱਤਰ ਮਿਲੇਗਾ ਉਹ ਹੀ ਕਰਤਾ ਕਾਰਕ ਹੈ।

2. ਕਰਮ ਕਾਰਕ – ਵਾਕ ਵਿੱਚ ਜਿਸ ਨਾਂਵ ਜਾਂ ਪੜਨਾਂਵ ਉੱਤੇ ਕਿਰਿਆ ਦਾ ਪ੍ਰਭਾਵ ਪਵੇ ਉਸ ਨੂੰ ਕਰਮ ਕਾਰਕ ਕਹਿੰਦੇ ਹਨ। ਜਿਵੇਂ– ਅਰਸ਼ਦੀਪ ਨੇ ਕਿਤਾਬ ਪੜ੍ਹੀ।

ਕਰਮ ਕਾਰਕ ਲੱਭਣ ਲਈ ਕਿਰਿਆ ਨਾਲ਼ 'ਕਿਸ' ਜਾਂ ਕੀ ਲਾ ਕੇ ਪ੍ਰਸ਼ਨ ਕੀਤਾ ਜਾਵੇ ਤਾਂ ਜੋ ਉੱਤਰ ਮਿਲੇਗਾ ਉਹ ਕਰਮ ਕਾਰਕ ਹੋਵੇਗਾ।

Scanned by CamScanner

3. ਕਰਨ ਕਾਰਕ - ਵਾਕ ਵਿੱਚ ਜਿਸ ਨਾਂਵ ਜਾਂ ਪੜਨਾਂਵ (ਸਾਧਨ) ਦੁਆਰਾ ਕਿਰਿਆ ਦਾ ਕਾਰਜ ਕੀਤਾ ਜਾਵੇ, ਉਸ ਨੂੰ ਕਰਨ ਕਾਰਕ ਕਿਹਾ ਜਾਂਦਾ ਹੈ; ਜਿਵੇਂ:- ਕਿਸਾਨ ਨੇ ਹਲ਼ ਨਾਲ਼ ਜ਼ਮੀਨ ਵਾਹੀ। ਨਾਲ਼, ਰਾਹੀਂ, ਤੋਂ ਅਤੇ ਦੁਆਰਾ ਕਰਨ ਕਾਰਕ ਦੇ ਚਿੰਨ੍ਹ ਹਨ।

ਉਪਰੋਕਤ ਵਾਕ ਵਿੱਚ ਹਲ਼ ਨਾਲ਼ ਕਰਨ ਕਾਰਕ ਹਨ।

4. ਸੰਪਰਦਾਨ ਕਾਰਕ - ਵਾਕ ਵਿੱਚ ਕਰਤਾ ਦੁਆਰਾ ਜਿਸ ਨਾਂਵ ਜਾਂ ਪੜਨਾਂਵ ਦੇ ਲਈ ਕਿਰਿਆ ਦਾ ਕਾਰਜ ਕੀਤਾ ਗਿਆ ਹੋਵੇ, ਉਸ ਨੂੰ ਸੰਪਰਦਾਨ ਕਾਰਕ ਕਿਹਾ ਜਾਂਦਾ ਹੈ; ਜਿਵੇਂ :- ਅਧਿਆਪਕ ਨੇ ਵਿਦਿਆਰਥੀਆਂ ਲਈ ਪੁਸਤਕਾਂ ਲਿਆਂਦੀਆਂ। ਇਸ ਵਾਕ ਵਿੱਚ 'ਵਿਦਿਆਰਥੀਆਂ' ਸੰਪਰਦਾਨ ਕਾਰਕ ਹਨ। ਲਈ, ਖ਼ਾਤਰ, ਵਾਸਤੇ ਸੰਪਰਦਾਨ ਕਾਰਕ ਚਿੰਨ੍ਹ ਹਨ।

5. ਅਪਾਦਾਨ ਕਾਰਕ - ਵਾਕ ਵਿੱਚ ਜਿਸ ਨਾਂਵ ਜਾਂ ਪੜਨਾਂਵ ਤੋਂ ਕੋਈ ਚੀਜ਼ ਅੱਡ ਕੀਤੀ ਜਾਵੇ, ਉਸ ਨੂੰ ਅਪਾਦਾਨ ਕਾਰਕ ਕਿਹਾ ਜਾਂਦਾ ਹੈ; ਜਿਵੇਂ :- ਬੂਟੇ ਨਾਲੋਂ ਫੁੱਲ ਟੁੱਟ ਕੇ ਡਿੱਗ ਪਿਆ। ਇਸ ਵਾਕ ਵਿੱਚ ਬੂਟੇ ਅਪਾਦਾਨ ਕਾਰਕ ਹੈ। ਨਾਲੋਂ, ਪਾਸੋਂ, ਕੋਲੋਂ ਅਤੇ ਤੋਂ ਅਪਾਦਾਨ ਕਾਰਕ ਚਿੰਨ੍ਹ ਹਨ।

6. ਸੰਬੰਧ ਕਾਰਕ - ਵਾਕ ਵਿੱਚ ਨਾਂਵ ਜਾਂ ਪੜਨਾਂਵ ਦੇ ਜਿਸ ਰੂਪ ਦੁਆਰਾ ਇੱਕ ਵਸਤੂ ਦਾ ਦੂਸਰੀ ਵਸਤੂ ਨਾਲ਼ ਸੰਬੰਧ ਜਾਂ ਮਾਲਕੀ ਪ੍ਰਗਟ ਹੋਵੇ ਉਹ ਸੰਬੰਧ ਕਾਰਕ ਹੁੰਦਾ ਹੈ; ਜਿਵੇਂ :- ਇਹ ਮਹਿਨਾਜ਼ ਦਾ ਖਿਡੌਣਾ ਹੈ। ਇਸ ਵਾਕ ਵਿੱਚ 'ਮਹਿਨਾਜ਼ ਦਾ' ਸੰਬੰਧ ਕਾਰਕ ਹੈ। ਦਾ, ਦੇ, ਦੀ, ਮੇਰੀ, ਤੁਹਾਡਾ, ਤੇਰਾ, ਮੇਰਾ, ਆਪਣਾ ਸੰਬੰਧ ਕਾਰਕ ਦੇ ਚਿੰਨ੍ਹ ਹਨ।

7. ਅਧਿਕਰਨ ਕਾਰਕ - ਵਾਕ ਵਿੱਚ ਕਿਰਿਆ ਦਾ ਕੰਮ ਜਿਸ ਨਾਂਵ ਜਾਂ ਪੜਨਾਂਵ ਦੇ ਆਸਰੇ ਜਾਂ ਜਿਸ ਥਾਂ ਹੋਵੇ, ਉਸ ਨੂੰ ਅਧਿਕਰਨ ਕਾਰਕ ਕਿਹਾ ਜਾਂਦਾ ਹੈ; ਜਿਵੇਂ :- ਕਮਰੇ ਵਿੱਚ ਬੈਠੋ। ਇਸ ਵਾਕ ਵਿੱਚ ਛੱਤ ਅਧਿਕਰਨ ਕਾਰਕ ਹੈ। ਉੱਤੇ, ਤੇ, ਅੰਦਰ ਅਤੇ ਵਿੱਚ ਇਸ ਦੇ ਅਧਿਕਰਨ ਕਾਰਕ ਚਿੰਨ੍ਹ ਹਨ।

8. ਸੰਬੋਧਨ ਕਾਰਕ - ਜਿਸ ਵਾਕ ਵਿੱਚ ਨਾਂਵ ਜਾਂ ਪੜਨਾਂਵ ਨੂੰ ਬੁਲਾਉਣ, ਅਵਾਜ਼ ਦੇਣ ਜਾਂ ਸੰਬੋਧਨ ਕਰਨ ਲਈ ਵਰਤਿਆ ਜਾਵੇ, ਉਸ ਨੂੰ ਸੰਬੋਧਨ ਕਾਰਕ ਮੰਨਿਆ ਜਾਂਦਾ ਹੈ; ਜਿਵੇਂ:- ਨੀ ਜੀਤੋ! ਆ ਗਿੱਧਾ ਪਾਈਏ। ਇਸ ਵਾਕ ਵਿੱਚ ਨੀ ਜੀਤੋ ਸੰਬੋਧਨ ਕਾਰਕ ਹਨ ਅਤੇ ਇਸ ਦੇ ਪਛਾਣ ਚਿੰਨ੍ਹ ਦੋ ਤਰ੍ਹਾਂ ਹਨ। 1. ਵਿਸਮਿਕ ਚਿੰਨ੍ਹ 2. ਸੰਬੋਧਨੀ ਪਿਛੇਤਰਾਂ ਵਾਲ਼ੇ ਚਿੰਨ੍ਹ।

ਵਿਸਮਿਕ ਚਿੰਨ - ਓਏ, ਨੀ, ਵੇ ਆਦਿ

ਸੰਬੋਧਨੀ ਪਿਛੇਤਰਾਂ ਵਾਲ਼ੇ ਚਿੰਨ੍ਹ - ਆ, ਓ, ਏ ਆਦਿ।

Scanned by CamScanner

# ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(ੳ) ਕਾਰਕ ਕਿਸ ਨੂੰ ਆਖਦੇ ਹਨ? ਇਹ ਕਿੰਨੀ ਪ੍ਰਕਾਰ ਦਾ ਹੁੰਦਾ ਹੈ?

(ਅ) ਕਾਰਕ ਦੀਆਂ ਵੱਖ-ਵੱਖ ਕਿਸਮਾਂ ਦਾ ਉਦਾਹਰਨ ਸਹਿਤ ਵਰਨਣ ਕਰੋ।

2. ਮਿਲਾਨ ਕਰੋ:

| | |
|---|---|
| ਕਰਮ | ਜਿਸ ਦਾ ਆਸਰਾ ਲਿਆ ਗਿਆ ਹੋਵੇ। |
| ਅਪਾਦਾਨ | ਕਿਰਿਆ ਨੂੰ ਕਰਨ ਵਾਲਾ। |
| ਅਧਿਕਰਨ | ਜਿਸ ਰਾਹੀਂ ਕਿਰਿਆ ਦਾ ਕੰਮ ਹੋਵੇ। |
| ਸੰਪਰਦਾਨ | ਜਿਸ ਉੱਤੇ ਕਿਰਿਆ ਦਾ ਅਸਰ ਪਏ। |
| ਕਰਨ | ਜਿਹੜਾ ਸ਼ਬਦ ਮਾਲਕੀ ਦੱਸੇ। |
| ਕਰਤਾ | ਜਿਸ ਨਾਲੋਂ ਕੋਈ ਚੀਜ਼ ਵੱਖ ਕੀਤੀ ਜਾਵੇ। |
| ਸੰਬੰਧ | ਜਿਸ ਦੇ ਲਈ ਕਿਰਿਆ ਕੀਤੀ ਜਾਵੇ। |
| ਸੰਬੋਧਨ | ਸੰਬੋਧਨ ਕਰਨ ਲਈ। |

3. ਸਹੀ ਕਾਰਕ ਦਾ ਨਾਂ ਚੁਣੋ ਅਤੇ ਕਾਰਕ ਚਿੰਨ੍ਹ ਨਾਲ ਸੰਬੰਧਿਤ ਕਾਰਕ ਤੇ ਨਿਸ਼ਾਨ ਲਗਾਓ

(ੳ) ਮਾਂ ਬੱਚੇ ਨੂੰ ਗਲਾਸ ਨਾਲ ਦੁੱਧ ਪਿਆ ਰਹੀ ਹੈ।

ਅਪਾਦਾਨ ਕਾਰਕ — ਕਰਨ ਕਾਰਕ
ਕਰਮ ਕਾਰਕ — ਸੰਬੰਧ ਕਾਰਕ

(ਅ) ਇਹ ਮੋਹਨ ਦਾ ਘਰ ਹੈ।

ਕਰਤਾ ਕਾਰਕ — ਸੰਬੰਧ ਕਾਰਕ
ਕਰਮ ਕਾਰਕ — ਅਧਿਕਰਨ ਕਾਰਕ

(ੲ) ਗਗਨ ਸ਼ਹਿਰ ਤੋਂ ਆਇਆ ਹੈ।

ਕਰਤਾ ਕਾਰਕ — ਕਰਮ ਕਾਰਕ
ਅਪਾਦਾਨ ਕਾਰਕ — ਕਰਨ ਕਾਰਕ

(ਸ) ਆਸ਼ੂ ਨੇ ਬਿੱਲੀ ਨੂੰ ਮਾਰਿਆ।

ਕਰਨ ਕਾਰਕ — ਅਧਿਕਰਨ ਕਾਰਕ
ਕਰਤਾ ਕਾਰਕ — ਸੰਬੋਧਨ ਕਾਰਕ

(ਹ) ਗੁਰਮੀਤ ਸੋਹਣ ਦਾ ਪੁੱਤਰ ਹੈ।

ਅਧਿਕਰਨ ਕਾਰਕ — ਕਰਨ ਕਾਰਕ
ਸੰਬੰਧ ਕਾਰਕ — ਅਪਾਦਾਨ ਕਾਰਕ

(ਕ) ਰਾਜੂ ਨੇ ਮਦਦ ਵਾਸਤੇ ਕਰਨ ਨੂੰ ਸੱਦਿਆ।

ਅਪਾਦਾਨ ਕਾਰਕ — ਸੰਪਰਦਾਨ ਕਾਰਕ
ਕਰਮ ਕਾਰਕ — ਸੰਬੰਧ ਕਾਰਕ

Scanned by CamScanner

(ਖ) ਰੌਮੀ ਨੇ ਪੈੱਨ ਨਾਲ਼ ਕਾਪੀ ਤੇ ਲਿਖਿਆ

ਅਪਾਦਾਨ ਕਾਰਕ ਕਰਨ ਕਾਰਕ
ਕਰਮ ਕਾਰਕ ਕਰਤਾ ਕਾਰਕ

(ਗ) ਰਾਹੁਲ ਘਰ ਵਿੱਚ ਹੀ ਸੀ।

ਸੰਬੋਧਨ ਕਾਰਕ ਸੰਬੰਧ ਕਾਰਕ
ਅਧਿਕਰਨ ਕਾਰਕ ਕਰਮ ਕਾਰਕ

(ਘ) ਹੇ ਧਰਮੇਂ! ਇਹ ਕੀ ਕਰ ਦਿੱਤਾ।

ਕਰਤਾ ਕਾਰਕ ਅਧਿਕਰਨ ਕਾਰਕ
ਸੰਬੰਧ ਕਾਰਕ ਸੰਬੋਧਨ ਕਾਰਕ

4. ਹੇਠਾਂ ਕਾਰਕਾਂ ਦੇ ਭੇਦ ਦਿੱਤੇ ਗਏ ਹਨ, ਉਹਨਾਂ ਭੇਦਾ ਅਨੁਸਾਰ ਉਹਨਾਂ ਦੇ ਚਿੰਨ੍ਹ ਦੱਸੋ!

| ਕਾਰਕ ਦੇ ਭੇਦ | ਚਿੰਨ੍ਹ |
|---|---|
| ਕਰਮ | ---------- |
| ਅਪਾਦਾਨ | ---------- |
| ਸੰਬੰਧ | ---------- |
| ਸੰਬੋਧਕ | ---------- |
| ਕਰਤਾ | ---------- |
| ਕਰਨ | ---------- |
| ਅਧਿਕਰਨ | ---------- |
| ਸੰਪਰਦਾਨ | ---------- |

5. ਠੀਕ ਕਾਰਕ ਲਗਾਓ:

ਤਸਵੀਰ ਕੰਧ ਵਿੱਚ ਟੰਗੀ ਸੀ। ----------
ਭਰਾ ਭਰਾ ਵਿੱਚੋਂ ਵੱਖ ਹੋ ਗਿਆ। ----------
ਮਹਿੰਦਰ ਸੇ ਕੰਮ ਕਰ ਲਿਆ ਹੈ। ----------
ਆ ਦੇਵੀ! ਸਾਡੇ ਤੇ ਰਹਿਮ ਕਰ। ----------
ਅਧਿਆਪਕ ਵਾਸਤੇ ਪਾਠ ਪੜ੍ਹਾਇਆ। ----------
ਪਰਮ ਦਿੱਲੀ ਵਿੱਚ ਆਇਆ। ----------
ਉਹ ਕਰਦ ਉੱਤੇ ਸਬਜ਼ੀ ਕੱਟ ਰਿਹਾ ਸੀ। ----------

Scanned by CamScanner

# ਪੜਨਾਂਵ

ਪੜਨਾਂਵ :- ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :- ਮੈਂ, ਅਸੀਂ, ਤੁਸੀਂ, ਮੇਰਾ, ਸਾਡਾ, ਤੁਹਾਡਾ, ਉਹ, ਉਹਨਾਂ, ਉਸਦਾ, ਕੋਈ, ਕੁਝ, ਜੋ, ਕੌਣ ਆਦਿ।

ਜਿਹੜੇ ਸ਼ਬਦ ਨਾਂਵ ਦੀ ਥਾਂ ਤੇ ਵਰਤੇ ਜਾਣ ਤੇ ਉਹਨਾਂ ਦੇ ਵਰਤਨ ਨਾਲ਼ ਅਰਥਾਂ ਵਿੱਚ ਕੋਈ ਫ਼ਰਕ ਨਾ ਆਵੇ, ਸਗੋਂ ਭਾਸ਼ਾ ਨੂੰ ਖ਼ੂਬਸੂਰਤੀ ਅਤੇ ਰਵਾਨੀ ਮਿਲੇ ਅਜਿਹੇ ਸ਼ਬਦਾਂ ਨੂੰ ਹੀ ਪੜਨਾਂਵ ਕਿਹਾ ਜਾਂਦਾ ਹੈ।

ਪੜਨਾਂਵ ਦੀਆਂ ਕਿਸਮਾਂ

ਪੜਨਾਂਵ ਛੇ ਪ੍ਰਕਾਰ ਦੇ ਹੁੰਦੇ ਹਨ:-

1. ਪੁਰਖਵਾਚਕ ਪੜਨਾਂਵ
2. ਨਿੱਜ-ਵਾਚਕ ਪੜਨਾਂਵ
3. ਨਿਸ਼ਚੇ-ਵਾਚਕ ਪੜਨਾਂਵ
4. ਅਨਿਸ਼ਚੇ-ਵਾਚਕ ਪੜਨਾਂਵ
5. ਸੰਬੰਧ-ਵਾਚਕ ਪੜਨਾਂਵ
6. ਪ੍ਰਸ਼ਨ-ਵਾਚਕ ਪੜਨਾਂਵ

1. ਪੁਰਖ-ਵਾਚਕ ਪੜਨਾਂਵ – ਜਿਹੜੇ ਸ਼ਬਦ ਅਸੀਂ ਆਪਣੇ ਜਾਂ ਦੂਜੇ ਪੁਰਖਾਂ ਦੇ ਨਾਂ ਦੀ ਥਾਂ 'ਤੇ ਵਰਤਦੇ ਹਾਂ, ਉਹਨਾਂ ਨੂੰ ਪੁਰਖ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :- ਮੈਂ, ਤੂੰ, ਉਹ, ਅਸੀਂ, ਤੁਸੀਂ, ਉਹਨਾਂ ਆਦਿ।

ਪੁਰਖ-ਵਾਚਕ ਪੜਨਾਂਵ ਦੇ ਅੱਗੋਂ ਤਿੰਨ ਭੇਦ ਹਨ:

(ੳ) ਉੱਤਮ ਪੁਰਖ ਜਾਂ ਪਹਿਲਾ ਪੁਰਖ

(ਅ) ਮੱਧਮ ਪੁਰਖ ਜਾਂ ਦੂਜਾ ਪੁਰਖ

(ੲ) ਅਨਯ ਪੁਰਖ ਜਾਂ ਤੀਜਾ ਪੁਰਖ

(ੳ) ਉੱਤਮ ਪੁਰਖ ਜਾਂ ਪਹਿਲਾ ਪੁਰਖ – ਜਿਹੜਾ ਪੁਰਖ ਗੱਲ ਕਰਦਾ ਹੈ, ਉਸ ਨੂੰ ਉੱਤਮ ਪੁਰਖ ਜਾਂ ਪਹਿਲਾ ਪੁਰਖ ਕਿਹਾ ਜਾਂਦਾ ਹੈ, ਜਿਵੇਂ : ਮੈਂ ਰੋਟੀ ਖਾ ਲਈ ਹੈ। ਅਸੀ ਹੁਣ ਪੜ੍ਹਾਂਗੇ। ਉਪਰੋਕਤ ਵਾਕਾਂ ਵਿੱਚ ਮੈਂ ਅਤੇ ਅਸੀਂ ਉੱਤਮ ਪੁਰਖ ਪੜਨਾਂਵ ਹਨ।

Scanned by CamScanner

(ਅ) ਮੱਧਮ ਪੁਰਖ ਜਾਂ ਦੂਜਾ ਪੁਰਖ - ਜਿਸ ਪੁਰਖ ਨਾਲ਼ ਗੱਲ ਕੀਤੀ ਜਾਵੇ ਉਸ ਨੂੰ ਮੱਧਮ ਪੁਰਖ ਜਾਂ ਦੂਜਾ ਪੁਰਖ ਕਿਹਾ ਜਾਂਦਾ ਹੈ; ਜਿਵੇਂ: ਤੂੰ ਮੇਰੇ ਨਾਲ਼ ਬਜ਼ਾਰ ਜਾਣਾ ਹੈ। ਤੁਸੀਂ ਕਿਉਂ ਲੜ ਰਹੇ ਹੋ। ਉਪਰੋਕਤ ਵਾਕਾਂ ਵਿੱਚ ਤੂੰ ਅਤੇ ਤੁਸੀਂ ਮੱਧਮ ਪੁਰਖ ਪੜਨਾਂਵ ਹਨ।

(ੲ) ਅਨਯ ਪੁਰਖ ਜਾਂ ਤੀਜਾ ਪੁਰਖ - ਜਿਹੜੇ ਪੁਰਖ ਦੇ ਬਾਰੇ ਗੱਲ ਕੀਤੀ ਜਾਵੇ ਉਸ ਨੂੰ ਅਨਯ ਪੁਰਖ ਜਾਂ ਤੀਜਾ ਪੁਰਖ ਕਿਹਾ ਜਾਂਦਾ ਹੈ; ਜਿਵੇਂ: ਇਹ ਮੇਰਾ ਮਿੱਤਰ ਹੈ। ਉਹ ਬਹੁਤ ਹੁਸ਼ਿਆਰ ਲੜਕਾ ਹੈ। ਉਪਰੋਕਤ ਵਾਕਾਂ ਵਿੱਚ ਇਹ ਅਤੇ ਉਹ ਅਨਯ ਪੁਰਖ ਪੜਨਾਂਵ ਹਨ।

2. ਨਿੱਜ-ਵਾਚਕ ਪੜਨਾਂਵ - ਜਿਹੜਾ ਸ਼ਬਦ ਕਰਤਾ ਦੇ ਨਾਲ਼ ਆ ਕੇ ਉਸ ਵਾਕ ਦੇ ਕਰਤਾ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿੱਜ-ਵਾਚਕ ਪੜਨਾਂਵ ਕਿਹਾ ਜਾਂਦਾ ਹੈ; ਜਿਵੇਂ :- ਅਸੀਂ ਆਪ ਜਾ ਕੇ ਸਾਰੀ ਗੱਲ ਸਮਝਾਂਗੇ। ਕੁੜੀਆਂ ਆਪਸ ਵਿੱਚ ਨਹੀਂ ਲੜਦੀਆਂ। ਉਪਰੋਕਤ ਵਾਕਾਂ ਵਿੱਚ ਆਪ, ਅਤੇ ਆਪਸ ਨਿੱਜ-ਵਾਚਕ ਪੜਨਾਂਵ ਹਨ।

3. ਨਿਸ਼ਚੇ-ਵਾਚਕ ਪੜਨਾਂਵ - ਜਿਹੜੇ ਸ਼ਬਦ ਕਿਸੇ ਦੂਰ ਪਈ ਚੀਜ਼ ਵੱਲ ਇਸ਼ਾਰਾ ਕਰਕੇ ਉਹਨਾਂ ਦੇ ਨਾਂ ਦੀ ਥਾਂ ਵਰਤੇ ਜਾਣ, ਉਹਨਾਂ ਨੂੰ ਨਿਸ਼ਚੇ-ਵਾਚਕ ਪੜਨਾਂਵ ਕਹਿੰਦੇ ਹਨ; ਜਿਵੇਂ :- ਉਹ ਮੇਰੀ ਭੈਣ ਹੈ। ਇਹ ਕਹਿੰਦਾ ਹੈ ਕਿ ਫੁੱਲ ਰੀਤੂ ਨੇ ਤੋੜਿਆ ਹੈ। ਉਪਰੋਕਤ ਵਾਕਾਂ ਵਿੱਚ ਉਹ ਅਤੇ ਇਹ ਨਿਸ਼ਚੇ-ਵਾਚਕ ਪੜਨਾਂਵ ਹਨ।

4. ਅਨਿਸ਼ਚੇ-ਵਾਚਕ ਪੜਨਾਂਵ - ਜਿਹੜੇ ਪੜਨਾਂਵ-ਸ਼ਬਦਾਂ ਤੋਂ ਕਿਸੇ ਵਿਅਕਤੀ, ਸਥਾਨ, ਵਸਤੂ ਆਦਿ ਦਾ ਸਪਸ਼ਟ ਜਾਂ ਨਿਸ਼ਚੇ-ਪੂਰਵਕ ਗਿਆਨ ਨਾ ਹੋਵੇ, ਸਿਰਫ਼ ਅੰਦਾਜ਼ਾ ਹੀ ਲੱਗੇ, ਉਹਨਾਂ ਨੂੰ ਅਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ; ਜਿਵੇਂ:- ਕੋਈ ਆਇਆ ਜ਼ਰੂਰ ਸੀ। ਕੁੱਝ ਪੈਸੇ ਤਾਂ ਦਿਓ। ਇਹਨਾਂ ਵਾਕਾਂ ਵਿੱਚ ਕੋਈ ਅਤੇ ਕੁੱਝ ਅਨਿਸ਼ਚੇ-ਵਾਚਕ ਪੜਨਾਂਵ ਹਨ।

5. ਸੰਬੰਧ-ਵਾਚਕ ਪੜਨਾਂਵ - ਜਿਹੜੇ ਪੜਨਾਂਵ ਸ਼ਬਦ ਯੋਜਕਾਂ ਵਾਂਗ ਦੋ ਵਾਕਾਂ ਨੂੰ ਆਪਸ ਵਿੱਚ ਜੋੜਨ; ਉਹਨਾਂ ਨੂੰ ਸੰਬੰਧ-ਵਾਚਕ ਪੜਨਾਂਵ ਕਿਹਾ ਜਾਂਦਾ ਹੈ; ਜਿਵੇਂ :- ਜਿਹੜੇ ਮਿਹਨਤ ਕਰਦੇ ਹਨ, ਉਹ ਪਾਸ ਹੋ ਜਾਂਦੇ ਹਨ। ਜੋ ਆਵੇ ਸੋ ਰਾਜ਼ੀ ਜਾਵੇ। ਇਹਨਾਂ ਵਾਕਾਂ ਵਿੱਚ ਜਿਹੜੇ, ਉਹ, ਜੋ ਅਤੇ ਸੋ ਸੰਬੰਧ-ਵਾਚਕ ਪੜਨਾਂਵ ਹਨ।

Scanned by CamScanner

6. ਪ੍ਰਸ਼ਨ-ਵਾਚਕ ਪੜਨਾਂਵ — ਜਿਹੜੇ ਪੜਨਾਂਵ ਸ਼ਬਦ ਪ੍ਰਸ਼ਨ ਸੂਚਕ ਹੋਣ ਭਾਵ ਵਾਕ ਵਿੱਚ ਪ੍ਰਸ਼ਨ ਪੁੱਛਣ, ਉਹਨਾਂ ਨੂੰ ਪ੍ਰਸ਼ਨ-ਵਾਚਕ ਪੜਨਾਂਵ ਕਹਿੰਦੇ ਹਨ; ਜਿਵੇਂ :- ਕੌਣ ਰੌਲਾ ਪਾ ਰਿਹਾ ਹੈ? ਤੁਸੀਂ ਕਿਸ ਨੂੰ ਮਿਲਣਾ ਹੈ? ਇਹਨਾਂ ਵਾਕਾਂ ਵਿੱਚ ਕੌਣ ਅਤੇ ਕਿਸ ਪ੍ਰਸ਼ਨ-ਵਾਚਕ ਪੜਨਾਂਵ ਹਨ।

## ਅਭਿਆਸ

1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਪੜਨਾਂਵ ਕਿਸ ਨੂੰ ਆਖਦੇ ਹਨ?

(ਅ) ਪੜਨਾਂਵ ਦੀਆਂ ਕਿਸਮਾਂ ਕਿਹੜੀਆਂ ਕਿਹੜੀਆਂ ਹਨ? ਉਦਾਹਰਨਾਂ ਸਹਿਤ ਲਿਖੋ।

(ੲ) ਪੁਰਖ-ਵਾਚਕ ਪੜਨਾਂਵ ਕਿੰਨੇ ਪ੍ਰਕਾਰ ਦਾ ਹੁੰਦਾ ਹੈ, ਇਸ ਨੂੰ ਉਦਾਹਰਨਾਂ ਸਹਿਤ ਲਿਖੋ।

(ਸ) ਨਿਸ਼ਚੇ-ਵਾਚਕ ਅਤੇ ਅਨਿਸ਼ਚੇਵਾਚਕ ਪੜਨਾਂਵ ਵਿੱਚ ਅੰਤਰ ਸਪਸ਼ਟ ਕਰੋ।

2. ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣੋ ਅਤੇ ਉਹਨਾਂ ਦੀ ਕਿਸਮ ਵੀ ਲਿਖੋ :

(ੳ) ਉਸ ਦਾ ਭਰਾ ਬਹੁਤ ਚੰਗਾ ਹੈ। ........ ............

(ਅ) ਇਹ ਮੇਰੀ ਸਾਈਕਲ ਹੈ। ........ ............

(ੲ) ਤੁਸੀਂ ਇਹ ਕੀ ਕੀਤਾ। ........ ............

(ਸ) ਮੈਂ ਆਪ ਸਕੂਲ ਜਾਵਾਂਗਾ। ........ ............

(ਹ) ਕੁਝ ਬੂਟੇ ਸੁੱਕ ਗਏ ਹਨ। ........ ............

(ਕ) ਉਹ ਸਾਡਾ ਯਾਰ ਹੈ। ........ ............

(ਖ) ਜੋ ਕਰੇਗਾ ਸੋ ਭਰੇਗਾ ........ ............

3. ਠੀਕ ਵਾਕਾਂ ਦੇ ਸਾਹਮਣੇ (✓) ਅਤੇ ਗਲਤ ਵਾਕਾਂ ਦੇ ਸਾਹਮਣੇ (×) ਦਾ ਨਿਸ਼ਾਨ ਲਗਾਓ:

(ੳ) ਨਾਂਵ ਦੀ ਥਾਂ ਵਰਤੇ ਜਾਣ ਵਾਲੇ ਸ਼ਬਦ ਪੜਨਾਂਵ ਹੁੰਦੇ ਹਨ। ......

(ਅ) ਪੜਨਾਂਵ ਦੀ ਥਾਂ ਵਰਤੇ ਜਾਣ ਵਾਲੇ ਸ਼ਬਦ ਨਾਂਵ ਹੁੰਦੇ ਹਨ। ......

(ੲ) ਪੜਨਾਂਵ ਦੇ ਪੰਜ ਭੇਦ ਹੁੰਦੇ ਹਨ ......

(ਸ) ਕੌਣ, ਕੀ —ਨਿੱਜ-ਵਾਚਕ ਪੜਨਾਂਵ ਹਨ ......

(ਹ) ਜੋ ਸ਼ਬਦ ਸਾਹਮਣੇ ਪਈ ਚੀਜ਼ ਵੱਲ ਇਸ਼ਾਰਾ ਕਰਨ, ਉਹ ਪ੍ਰਸ਼ਨ-ਵਾਚਕ ਪੜਨਾਂਵ ਹੁੰਦੇ ਹਨ। ......

Scanned by CamScanner